# ਦਾਨੀ ਲੱਭਣਾ
# Finding a Donor



## ਲੋਕਾਂ ਤਕ ਸੁਨੇਹਾ ਪਹੁੰਚਾਉਣਾ:
## Getting the Word Out:

**ਸੰਭਾਵੀ ਦਾਨੀਆਂ ਨਾਲ ਸੰਪਰਕ ਸਥਾਪਤ ਕਰਨ ਲਈ**
**ਕਦਮ-ਬਾ-ਕਦਮ ਗਾਈਡ**

Punjabi

BC TRANSPLANT
An agency of the Provincial Health Services Authority

ਗੁਰਦੇ ਦੇ ਟ੍ਰਾਂਸਪਲਾਂਟ
ਦੇ ਲੋੜਵੰਦਾਂ ਲਈ ਜਿਊਂਦੇ ਦਾਨੀ ਵੱਲੋਂ
ਦਾਨ ਕੀਤਾ ਗੁਰਦਾ ਇੱਕ ਵਧੀਆ ਵਿਕਲਪ
ਪੇਸ਼ ਕਰਦਾ ਹੈ। ਮ੍ਰਿਤਕ ਦਾਨੀ ਵੱਲੋਂ ਦਿੱਤੇ
ਗੁਰਦੇ ਦੇ ਮੁਕਾਬਲੇ ਜਿਊਂਦੇ ਦਾਨੀ ਵੱਲੋਂ ਦਿੱਤੇ
ਗੁਰਦੇ ਨਾਲ ਬਿਹਤਰ ਨਤੀਜੇ ਹਾਸਲ ਕੀਤੇ
ਜਾ ਸਕਦੇ ਹਨ।

# ਜਿਊਂਦੇ ਵਿਅਕਤੀ ਵੱਲੋਂ ਦਾਨ ਕਿਉਂ?

ਆਪਣੇ ਗੁਰਦਿਆਂ ਦੀ ਬਿਮਾਰੀ ਦੇ ਮੁੱਢਲੇ ਪੜਾਅ ’ਤੇ, ਜਿਊਂਦੇ ਦਾਨੀ ਦੀ ਭਾਲ ਕਰਨ ਨਾਲ ਤੁਸੀਂ ਡਾਇਐਲਾਸਿਸ ਤੋਂ ਪੂਰੀ ਤਰ੍ਹਾਂ ਬਚ ਸਕਦੇ ਹੋ। ਜੇ ਤੁਹਾਡੇ ਕੋਲ ਆਪਣੇ ਲਈ ਕੋਈ ਜਿਊਂਦਾ ਦਾਨੀ ਨਹੀਂ ਹੈ ਤਾਂ ਟ੍ਰਾਂਸਪਲਾਂਟ ਲਈ ਇੰਤਜ਼ਾਰ ਸੂਚੀ ’ਤੇ ਜਾਣ ਤੋਂ ਪਹਿਲਾਂ ਤੁਹਾਡਾ ਡਾਇਐਲਾਸਿਸ ਸ਼ੁਰੂ ਕੀਤਾ ਜਾਣਾ ਲਾਜ਼ਮੀ ਹੈ। ਮ੍ਰਿਤਕ ਦਾਨੀ ਤੋਂ ਮਿਲਣ ਵਾਲੇ ਗੁਰਦੇ ਦੇ ਇੰਤਜ਼ਾਰ ਵਿੱਚ ਕਈ ਵਰ੍ਹੇ ਲੱਗ ਸਕਦੇ ਹਨ।

## ਤਿਆਰੀ ਕਰਨੀ

ਸੰਭਾਵੀ ਦਾਨੀਆਂ ਨਾਲ ਗੱਲ ਕਰਨੀ ਔਖੀ ਲਗ ਸਕਦੀ ਹੈ। ਜਦੋਂ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਭਾਲ ਸ਼ੁਰੂ ਕਰਦੇ ਹੋ ਜਿਹੜਾ ਜਿਊਂਦੇ ਜੀਅ ਆਪਣਾ ਗੁਰਦਾ ਦਾਨ ਕਰਨ ਲਈ ਰਾਜ਼ੀ ਹੋਵੇ, ਉਦੋਂ ਅਨੇਕਾਂ ਵੱਖ-ਵੱਖ ਜਜ਼ਬਾਤ ਮਹਿਸੂਸ ਕਰਨਾ ਆਮ ਹੈ।

ਤੁਹਾਨੂੰ ਹੇਠ ਲਿਖੇ ਅਹਿਸਾਸ ਹੋ ਸਕਦੇ ਹਨ:

- **ਔਖ** – ਇਹ ਪੁੱਛਣਾ ਅਤੇ ਇਸ ਬਾਰੇ ਗੱਲ ਸ਼ੁਰੂ ਕਰਨੀ ਔਖੀ ਲੱਗ ਸਕਦੀ ਹੈ।
- **ਉਲਝਨ** – ਕਿ ਸੰਭਾਵੀ ਦਾਨੀ ਕੌਣ ਹੋ ਸਕਦਾ ਹੈ।
- **ਨਿਰਾਸ਼ਾ** – ਕਿ ਕੋਈ ਵੀ ਮਦਦ ਲਈ ਅੱਗੇ ਨਹੀਂ ਆਇਆ ਜਾਂ ਕਿਸੇ ਨੇ ਗੁਰਦਾ ਦਾਨ ਕਰਨ ਦੀ ਪੇਸ਼ਕਸ਼ ਨਹੀਂ ਕੀਤੀ।
- **ਝਿਜਕ** – ਕਿਤੇ ਉਹ ਮਨ੍ਹਾਂ ਨਾ ਕਰ ਦੇਵੇ, ਇਹ ਸੋਚ ਕੇ ਸੰਭਾਵੀ ਦਾਨੀ ਨਾਲ ਗੱਲ ਹੀ ਨਾ ਕਰਨੀ।
- **ਡਰ** – ਗੁਰਦਾ ਦਾਨ ਕਰਨ ਵਾਲੇ ਵਿਅਕਤੀ ਦੀ ਭਵਿੱਖ ਵਿੱਚ ਸਿਹਤ।
- **ਚਿੰਤਾ** – ਗੁਰਦਾ ਦਾਨ ਕਰਨ ਵਾਲੇ ਵਿਅਕਤੀ ਅਤੇ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਉੱਪਰ ਅਸਰ।
- **ਬੇਚੈਨੀ** – ਗੁਰਦਾ ਦਾਨ ਕਰਨ ਵਾਲੇ ਵਿਅਕਤੀ ਦੇ ਕਰਜ਼ਦਾਰ ਹੋਣ ਬਾਰੇ ਅਤੇ ਜੇ ਕਿਤੇ ਤੁਹਾਡੇ ਆਪਸੀ ਸੰਬੰਧਾ ਵਿੱਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਆ ਗਈ।



*ਸਲੀਮਾ, ਗੁਰਦਾ ਦਾਨੀ*

ਆਪਣੇ ਪ੍ਰੀ-ਟ੍ਰਾਂਸਪਲਾਂਟ ਜਾਂ ਰੀਨਲ ਸੋਸ਼ਲ ਵਰਕਰ ਨਾਲ ਇਨ੍ਹਾਂ ਜਜ਼ਬਾਤ ਅਤੇ ਚਿੰਤਾਵਾਂ ਬਾਰੇ ਗੱਲ-ਬਾਤ ਕਰਨਾ ਸਹਾਈ ਹੋ ਸਕਦਾ ਹੈ। ਬੀਤੇ ਸਾਲਾਂ ਦੌਰਾਨ ਉਨ੍ਹਾਂ ਨੇ ਅਨੇਕਾਂ ਮਰੀਜ਼ਾਂ ਨਾਲ ਕੰਮ ਕੀਤਾ ਹੈ ਅਤੇ ਉਹ ਇਨ੍ਹਾਂ ਜਜ਼ਬਾਤ ਅਤੇ ਚੁਣੌਤੀਆਂ ਨੂੰ ਸਮਝਦੇ ਹਨ।

ਜਿਊਂਦੇ ਵਿਅਕਤੀ ਵੱਲੋਂ ਗੁਰਦਾ ਦਾਨ ਕੀਤੇ ਜਾਣ ਦੇ ਤੱਥ ਜਾਣਨੇ ਸ਼ੁਰੂਆਤ ਕਰਨ ਦਾ ਇੱਕ ਵਧੀਆ ਤਰੀਕਾ ਹੈ ਅਤੇ ਇਸ ਨਾਲ ਤੁਹਾਨੂੰ ਸੰਭਾਵੀ ਦਾਨੀਆਂ ਨਾਲ ਗੱਲ-ਬਾਤ ਕਰਨ ਵਿੱਚ ਜ਼ਿਆਦਾ ਸੌਖ ਮਹਿਸੂਸ ਹੋਵੇਗੀ।

## ਤੱਥਾਂ ਬਾਰੇ ਜਾਣੋ:

- ਦਾਨੀ ਇੱਕ ਗੁਰਦੇ ਨਾਲ ਵੀ ਸਿਹਤਮੰਦ, ਆਮ ਜ਼ਿੰਦਗੀ ਬਤੀਤ ਕਰਦੇ ਹਨ।
- ਦਾਨੀਆਂ ਦੀ ਧਿਆਨ ਨਾਲ ਜਾਂਚ ਕੀਤੀ ਜਾਂਦੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੈਡੀਕਲ ਪੱਖ ਤੋਂ ਉਨ੍ਹਾਂ ਵੱਲੋਂ ਗੁਰਦਾ ਦਾਨ ਕੀਤਾ ਜਾਣਾ ਦਰੁਸਤ ਹੈ।
- ਦਾਨੀ ਦੀ ਜਾਂਚ ਕੀਤੇ ਜਾਣ ਦੀ ਪ੍ਰਕ੍ਰਿਆ ਗੁਪਤ ਹੁੰਦੀ ਹੈ। ਗੁਰਦਾ ਦਾਨ ਕਰਨ ਲਈ ਵਚਨ ਦੇਣ ਤੋਂ ਪਹਿਲਾਂ ਦਾਨੀ ਜਾਣਕਾਰੀ ਇਕੱਤਰ ਕਰ ਸਕਦੇ ਹਨ ਅਤੇ ਆਪਣੀ ਜਾਂਚ ਕਰਵਾ ਸਕਦੇ ਹਨ।
- ਇਹ ਲਾਜ਼ਮੀ ਹੈ ਕਿ ਤੁਹਾਡੇ ਲਈ ਗੁਰਦਾ ਦਾਨ ਕਰਨ ਵਾਲਾ ਵਿਅਕਤੀ ਟ੍ਰਾਂਸਪਲਾਂਟ ਤੋਂ ਪਹਿਲਾਂ ਵਾਲੇ (ਪ੍ਰੀ-ਟ੍ਰਾਂਸਪਲਾਂਟ) ਕਲੀਨਿਕ ਨੂੰ ਖ਼ੁਦ ਸੰਪਰਕ ਕਰ ਕੇ ਆਪਣੀ ਜਾਂਚ ਦੀ ਪ੍ਰਕ੍ਰਿਆ ਸ਼ੁਰੂ ਕਰੇ।
- ਪ੍ਰਕ੍ਰਿਆ ਦੇ ਕਿਸੇ ਵੀ ਪੜਾਅ 'ਤੇ ਸੰਭਾਵੀ ਦਾਨੀ ਵਿਅਕਤੀ ਗੁਰਦਾ ਦਾਨ ਕਰਨ ਦਾ ਆਪਣਾ ਫ਼ੈਸਲਾ ਬਦਲ ਸਕਦਾ ਹੈ।
- ਬੀ.ਸੀ. ਵਿੱਚ ਹਰ ਸਾਲ ਔਸਤਨ 100 ਜਿਊਂਦੇ ਵਿਅਕਤੀਆਂ ਵੱਲੋਂ ਗੁਰਦੇ ਦਾਨ ਕੀਤੇ ਜਾਂਦੇ ਹਨ।
- ਜੇ ਤੁਹਾਨੂੰ ਦਾਨ ਕਰਨ ਲਈ ਰਾਜ਼ੀ ਹੋਏ ਵਿਅਕਤੀ ਦਾ ਗੁਰਦਾ ਤੁਹਾਡੇ ਨਾਲ ਮੇਲ ਨਹੀਂ ਖਾਂਦਾ ਤਾਂ ਤੁਸੀਂ ਦਾਨੀਆਂ ਅਤੇ ਪ੍ਰਾਪਤਕਰਤਾਵਾਂ ਦੇ ਹੋਰਨਾ ਬੇਮੇਲ ਜੋੜਿਆਂ ਨਾਲ ਨੈਸ਼ਨਲ ਪੇਅਰਡ ਐਕਸਚੇਂਜ (ਮੇਲ ਖਾਂਦੇ ਗੁਰਦੇ ਲਈ ਰਾਸ਼ਟਰੀ ਵੱਟਾ-ਸੱਟਾ) ਵਿੱਚ ਹਿੱਸਾ ਲੈਣ ਦੇ ਯੋਗ ਹੋ ਸਕਦੇ ਹੋ।
- The Living Donor Expense Reimbursement program (LODERP) (ਜਿਊਂਦੇ ਦਾਨੀ ਦੇ ਖ਼ਰਚੇ ਦੀ ਭਰਪਾਈ ਕਰਨ ਵਾਲਾ ਪ੍ਰੋਗਰਾਮ - ਐੱਲ.ਓ.ਡੀ.ਈ.ਆਰ.ਪੀ.) ਕੰਮ ਦੇ ਨੁਕਸਾਨ ਸਮੇਤ ਜਾਂਚ ਅਤੇ ਗੁਰਦਾ ਦਾਨ ਕਰਨ ਸੰਬੰਧੀ ਦਾਨੀਆਂ ਦੇ ਕੁਝ ਖ਼ਰਚਿਆਂ ਵਿੱਚ ਮਦਦ ਕਰ ਸਕਦਾ ਹੈ।

ਜਿਊਂਦੇ ਵਿਅਕਤੀ ਵੱਲੋਂ ਗੁਰਦਾ ਦਾਨ ਕੀਤੇ ਜਾਣ ਦੀ ਪ੍ਰਕ੍ਰਿਆ ਬਾਰੇ ਕਦਮ-ਬਾ-ਕਦਮ ਜਾਣਨ ਲਈ ਤੁਸੀਂ "ਜਿਊਂਦਾ ਦਾਨੀ" ਨਾਂ ਦਾ ਬ੍ਰੋਸ਼ਰ ਵੀ ਪੜ੍ਹ ਸਕਦੇ ਹੋ। ਟ੍ਰਾਂਸਪਲਾਂਟ ਸੈਂਟਰ ਵਿਖੇ ਇਸ ਦੀ ਕਾਪੀ ਦੀ ਮੰਗ ਕਰੋ ਜਾਂ ਆਨਲਾਈਨ www.transplant.bc.ca 'ਤੇ ਜਾ ਕੇ ਇਸ ਨੂੰ ਪੜ੍ਹੋ।

ਅਗਲਾ ਕਦਮ ਹੈ ਸੰਭਾਵੀ ਅੰਗ ਦਾਨੀਆਂ ਤਕ ਸੁਨੇਹਾ ਪਹੁੰਚਾਉਣਾ।

## ਕਿਸ ਨਾਲ ਗੱਲ ਕਰਨੀ ਹੈ

ਦਾਨੀ ਪਰਿਵਾਰਕ ਮੈਂਬਰ, ਦੋਸਤ, ਨਾਲ ਕੰਮ ਕਰਨ ਵਾਲੇ ਅਤੇ ਜਾਣ-ਪਛਾਣ ਵਾਲੇ ਵਿਅਕਤੀ ਹੋ ਸਕਦੇ ਹਨ। ਕਈ ਦਾਨੀਆਂ ਨੇ ਇਹ ਕਿਹਾ ਹੈ ਕਿ ਦਾਨ ਕਰਨ ਦਾ ਫ਼ੈਸਲਾ ਲੈਣ ਸਮੇਂ ਉਨ੍ਹਾਂ ਨੇ ਆਪ ਮੁਹਾਰੇ ਹੀ "ਹਾਂ" ਕਹਿ ਦਿੱਤੀ ਸੀ ਕਿਉਂਕਿ ਜਦੋਂ ਉਨ੍ਹਾਂ ਨੂੰ ਇਸ ਦੀ ਲੋੜ ਬਾਰੇ ਪਤਾ ਲੱਗਾ ਤਾਂ ਇਹ ਇੱਕ ਅਜਿਹਾ ਕਾਰਜ ਸੀ ਜੋ ਉਹ ਛੇਤੀ ਤੋਂ ਛੇਤੀ ਕਰਨਾ ਚਾਹੁੰਦੇ ਸਨ। ਜਿਉਂਦੇ ਜੀਅ ਗੁਰਦਾ ਦਾਨ ਕਰਨ ਵਾਲੇ ਵਿਅਕਤੀ ਆਪਣੇ ਕਿਸੇ ਪਿਆਰੇ ਨੂੰ ਜ਼ਿੰਦਗੀ ਦਾ ਤੋਹਫ਼ਾ ਦੇਣ ਵਿੱਚ ਮਾਣ ਮਹਿਸੂਸ ਕਰਦੇ ਹਨ।

## ਲੋਕਾਂ ਤਕ ਸੁਨੇਹਾ ਕਿਵੇਂ ਪਹੁੰਚਾਉਣਾ ਹੈ

ਜਿਉਂਦੇ ਵਿਅਕਤੀ ਵੱਲੋਂ ਗੁਰਦਾ ਦਾਨ ਕੀਤੇ ਜਾਣ ਬਾਰੇ ਲੋਕਾਂ ਨਾਲ ਗੱਲ-ਬਾਤ ਕਰਨ ਲਈ ਜਦੋਂ ਤੁਸੀਂ ਤਿਆਰ ਹੋਵੋ, ਉਦੋਂ ਤੁਸੀਂ ਦੂਜਿਆਂ ਤਕ ਇਹ ਸੁਨੇਹਾ ਪਹੁੰਚਾਉਣਾ ਸ਼ੁਰੂ ਕਰ ਸਕਦੇ ਹੋ। ਜਦੋਂ ਤੁਸੀਂ ਆਪਣੀ ਕਹਾਣੀ ਦੂਜਿਆਂ ਨਾਲ ਸਾਂਝੀ ਕਰਦੇ ਹੋ ਅਤੇ ਉਨ੍ਹਾਂ ਨੂੰ ਕਹਿੰਦੇ ਹੋ ਕਿ ਉਹ ਆਪਣੇ ਜਾਣ-ਪਛਾਣ ਵਿਚਲੇ ਲੋਕਾਂ ਨੂੰ ਇਸ ਬਾਰੇ ਦੱਸਣ ਤਾਂ ਇਹ ਪਾਣੀ ਵਿੱਚ ਆਈ ਤਰੰਗ ਵਾਂਗ ਹੁੰਦਾ ਹੈ। ਜਿੰਨੇ ਜ਼ਿਆਦਾ ਲੋਕਾਂ ਨੂੰ ਤੁਹਾਡੀ ਲੋੜ ਬਾਰੇ ਪਤਾ ਹੋਵੇਗਾ, ਤੁਹਾਡੇ ਵੱਲੋਂ ਦਾਨੀ ਲੱਭਣ ਦੇ ਆਸਾਰ ਉਤਨੇ ਹੀ ਜ਼ਿਆਦਾ ਹੋਣਗੇ।



**ਹੋਰਨਾਂ ਗੁਰਦਾ ਪ੍ਰਾਪਤਕਰਤਾਵਾਂ ਵੱਲੋਂ ਆਪਣੀ ਲੋੜ ਬਾਰੇ ਗੱਲ ਕਰਨ ਲਈ ਇਸਤੇਮਾਲ ਕੀਤੇ ਕੁਝ ਸੁਝਾਅ ਪੇਸ਼ ਹਨ:**

- ਆਪਣੀ ਮੈਡੀਕਲ ਸਥਿਤੀ ਬਾਰੇ ਇੱਕ ਚਿੱਠੀ ਜਾਂ ਈਮੇਲ ਲਿਖੋ ਅਤੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਭੇਜੋ। ਸੇਧ ਦੇ ਤੌਰ 'ਤੇ ਇਸਤੇਮਾਲ ਕਰਨ ਲਈ ਤੁਹਾਡੇ ਸੋਸ਼ਲ ਵਰਕਰ ਵੱਲੋਂ ਤੁਹਾਨੂੰ ਚਿੱਠੀ ਦਾ ਇੱਕ ਨਮੂਨਾ ਦਿੱਤਾ ਜਾ ਸਕਦਾ ਹੈ।
- ਫ਼ੇਸਬੁੱਕ, ਬਲੌਗ ਅਤੇ ਈਮੇਲ ਜਿਹੇ ਸੋਸ਼ਲ ਮੀਡੀਆ ਵਸੀਲਿਆਂ ਦੀ ਵਰਤੋਂ ਕਰਕੇ ਲੋਕਾਂ ਨੂੰ ਆਪਣੇ ਤਾਜ਼ਾ ਹਾਲਾਤ ਤੋਂ ਜਾਣੂ ਰੱਖੋ। ਹੋ ਸਕਦਾ ਹੈ ਕਿ ਤੁਹਾਡੇ ਕਿਸੇ ਦੋਸਤ ਦਾ ਕੋਈ ਦੋਸਤ ਕਿਸੇ ਅਜਿਹੇ ਵਿਅਕਤੀ ਨੂੰ ਜਾਣਦਾ ਹੋਵੇ ਜਿਸ ਦੀ ਜ਼ਿੰਦਗੀ ਗੁਰਦੇ ਦੇ ਰੋਗ ਕਾਰਣ ਪ੍ਰਭਾਵਿਤ ਹੋਈ ਹੋਵੇ ਅਤੇ ਸ਼ਾਇਦ ਉਹ ਵਿਅਕਤੀ ਗੁਰਦਾ ਦਾਨ ਕਰਨ ਲਈ ਰਜ਼ਾਮੰਦ ਹੋਵੇ।
- ਆਪਣੇ ਕਿਸੇ ਪਰਿਵਾਰਕ ਮੈਂਬਰ ਜਾਂ ਦੋਸਤ ਨੂੰ ਆਪਣਾ ਬੁਲਾਰਾ ਬਣਨ ਲਈ ਕਹੋ। ਉਦਾਹਰਣ ਵਜੋਂ, ਬੀਤੇ ਸਮੇਂ ਵਿੱਚ ਦੇਖਿਆ ਗਿਆ ਹੈ ਕਿ ਲੋਕਾਂ ਤਕ ਆਪਣਾ ਸੁਨੇਹਾ ਪਹੁੰਚਾਉਣ ਲਈ ਆਪਣੇ ਜੀਵਨ ਸਾਥੀ/ਸਾਥਣ ਨੂੰ ਨਿਯੁਕਤ ਕਰਨ ਨਾਲ ਕਾਮਯਾਬ ਨਤੀਜੇ ਹਾਸਲ ਕੀਤੇ ਗਏ ਹਨ।
- ਤੁਹਾਨੂੰ ਨਿੱਜੀ ਸਹਾਰਾ ਪ੍ਰਦਾਨ ਕਰਨ ਵਾਲੇ ਵਿਅਕਤੀਆਂ ਨੂੰ ਹੱਲਾਸ਼ੇਰੀ ਦਿਓ ਕਿ ਉਹ ਤੁਹਾਡੀ ਮੈਡੀਕਲ ਅਪੁਆਇੰਟਮੈਂਟਾਂ 'ਤੇ ਤੁਹਾਡੇ ਨਾਲ ਜਾਣ ਤਾਂ ਕਿ ਉਹ ਤੁਹਾਡੀ ਮੈਡੀਕਲ ਟੀਮ ਨਾਲ ਜਿਊਂਦੇ ਵਿਅਕਤੀ ਵੱਲੋਂ ਗੁਰਦਾ ਦਾਨ ਕੀਤੇ ਜਾਣ ਦੇ ਵਿਸ਼ੇ 'ਤੇ ਗੱਲ ਕਰ ਸਕਣ।
- ਆਪਣੀ ਸਥਾਨਕ ਕਿਡਨੀ ਫ਼ਾਊਂਡੇਸ਼ਨ ਬਰਾਂਚ ਨਾਲ ਸੰਪਰਕ ਸਥਾਪਤ ਕਰੋ। ਉਹ ਤੁਹਾਡਾ ਸੰਪਰਕ ਗੁਰਦੇ ਦੇ ਹੋਰਨਾਂ ਅਜਿਹੇ ਮਰੀਜ਼ਾਂ ਨਾਲ ਕਰਵਾ ਸਕਦੇ ਹਨ ਜੋ ਇਹ ਜਾਣਦੇ ਹਨ ਕਿ ਤੁਹਾਡੇ ਉੱਪਰ ਕੀ ਬੀਤ ਰਹੀ ਹੈ ਅਤੇ ਤੁਹਾਨੂੰ ਸਿੱਖਿਆ ਅਤੇ ਸਹਾਰਾ ਪ੍ਰਦਾਨ ਕਰ ਸਕਦੇ ਹਨ।

## ਯਾਦ ਰੱਖੋ

**ਅੰਗ ਖ਼ਰੀਦਣੇ ਅਤੇ ਵੇਚਣੇ ਕੈਨੇਡਾ ਵਿੱਚ ਗ਼ੈਰ-ਕਾਨੂੰਨੀ ਹਨ। ਇਹ ਲਾਜ਼ਮੀ ਹੈ ਕਿ ਦਾਨੀ ਆਪਣੀ ਮਰਜ਼ੀ ਨਾਲ ਅਤੇ ਬਿਨਾਂ ਕਿਸੇ ਦਬਾਅ ਤੋਂ ਅੱਗੇ ਆਉਣ। ਵਿਗਿਆਪਨਾਂ ਅਤੇ ਆਨਲਾਈਨ ਮਸ਼ਹੂਰੀਆਂ ਰਾਹੀਂ ਦਾਨੀਆਂ ਨੂੰ ਅਪੀਲ ਕਰਨ ਦੀ ਸਲਾਹ ਨਹੀਂ ਦਿੱਤੀ ਜਾਂਦੀ।**

## ਕਾਮਯਾਬੀ – ਦਾਨੀ ਦਾ ਅੱਗੇ ਆਉਣਾ

ਜੇ ਤੁਹਾਡੇ ਕੋਲ ਕੋਈ ਸੰਭਾਵੀ ਦਾਨੀ ਹੈ ਜਾਂ ਜੇ ਤੁਸੀਂ ਅਜਿਹੇ ਕਿਸੇ ਵਿਅਕਤੀ ਨੂੰ ਜਾਣਦੇ ਹੋ ਜਿਸ ਨੂੰ ਫ਼ੈਸਲਾ ਲੈਣ ਤੋਂ ਪਹਿਲਾਂ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਉਨ੍ਹਾਂ ਨੂੰ ਪੰਨਾ ਨੰਬਰ 5 'ਤੇ ਦੱਸੇ ਟ੍ਰਾਂਸਪਲਾਂਟ ਕੇਂਦਰਾਂ ਵਿਖੇ ਪ੍ਰੀ-ਟ੍ਰਾਂਸਪਲਾਂਟ ਕਲੀਨਿਕ ਨਾਲ ਸੰਪਰਕ ਕਰਨ ਬਾਰੇ ਕਹੋ। ਪ੍ਰੀ-ਟ੍ਰਾਂਸਪਲਾਂਟ ਟੀਮ ਉਨ੍ਹਾਂ ਨੂੰ ਜਾਣਕਾਰੀ ਅਤੇ ਸਾਰੀ ਪ੍ਰਕ੍ਰਿਆ ਬਾਰੇ ਸੇਧ ਪ੍ਰਦਾਨ ਕਰੇਗੀ।

# ਜ਼ਿਆਦਾ ਜਾਣਕਾਰੀ ਚਾਹੀਦੀ ਹੈ?

**ਸੇਂਟ ਪੌਲ'ਜ਼ ਹਸਪਤਾਲ ਜਿਊਂਦੇ ਦਾਨੀਆਂ ਦਾ ਪ੍ਰੋਗਰਾਮ**
**(St. Paul's Hospital Living Donor Program)**
Unit 6A, 6th Floor, Providence Building
1081 Burrard St.
Vancouver, BC V6Z 1Y6
ਫ਼ੋਨ: 604-806-9027
ਫ਼ੈਕਸ: 604-806-9658
ਟੋਲ ਫ਼੍ਰੀ: 1-877-922-9822
donornurse@providencehealth.bc.ca
recipientnurse@providencehealth.bc.ca
www.providencehealthcare.org

**ਵੈਨਕੂਵਰ ਜਨਰਲ ਹਸਪਤਾਲ ਜਿਊਂਦੇ ਦਾਨੀਆਂ ਦਾ ਪ੍ਰੋਗਰਾਮ**
**(Vancouver General Hospital Living Donor Program)**
5th Floor, Gordon and Leslie Diamond Health Care Centre
2775 Laurel St.
Vancouver, BC V5Z 1M9
ਫ਼ੋਨ: 604-875-5182
ਫ਼ੈਕਸ: 604-875-5236
ਟੋਲ ਫ਼੍ਰੀ: 1-855-875-5182
www.vch.ca

**ਬੀ.ਸੀ. ਚਿਲਡ੍ਰਨ'ਜ਼ ਹਸਪਤਾਲ ਰੀਨਲ ਟ੍ਰਾਂਸਪਲਾਂਟ ਪ੍ਰੋਗਰਾਮ**
**(BC Children's Hospital Renal Transplant Program)**
K4-172
4480 Oak St.
Vancouver, BC V6H 3V4
ਫ਼ੋਨ: 604-875-3613
ਫ਼ੈਕਸ: 604-875-2943

# ਹੋਰ ਵਸੀਲੇ:

**ਬੀ.ਸੀ. ਟ੍ਰਾਂਸਪਲਾਂਟ**
**(BC Transplant)**
ਫ਼ੋਨ: 604-877-2240
ਟੋਲ ਫ਼੍ਰੀ: 1-800-663-6189
www.transplant.bc.ca

**ਕਿਡਨੀ ਫ਼ਾਊਂਡੇਸ਼ਨ ਆਫ਼ ਕੈਨੇਡਾ, ਬੀ.ਸੀ. ਸ਼ਾਖਾ**
**(Kidney Foundation of Canada, BC Branch)**
ਫ਼ੋਨ: 604-736-9775
ਟੋਲ ਫ਼੍ਰੀ: 1-800-567-8112
www.kidney.bc.ca

## ਤੁਹਾਡੇ ਲਈ ਹੋਰ ਸਹਾਇਕ ਬ੍ਰੋਸ਼ਰ:

**ਗੁਰਦਾ ਟ੍ਰਾਂਸਪਲਾਂਟ ਕਰਨ ਦੀ ਪ੍ਰਕ੍ਰਿਆ:** ਟ੍ਰਾਂਸਪਲਾਂਟ ਰਾਹੀਂ ਗੁਰਦਾ ਹਾਸਲ ਕਰਨ ਵਾਲਿਆਂ ਲਈ ਕਦਮ-ਬਾ-ਕਦਮ ਗਾਈਡ

**ਜਿਊਂਦੇ ਵਿਅਕਤੀ ਵੱਲੋਂ ਦਾਨ ਕੀਤੇ ਗੁਰਦੇ ਦੇ ਟ੍ਰਾਂਸਪਲਾਂਟ ਦੀ ਪ੍ਰਕ੍ਰਿਆ:** ਜਿਊਂਦੇ ਜੀਅ ਆਪਣਾ ਗੁਰਦਾ ਦਾਨ ਕਰਨ ਵਾਲੇ ਦਾਨੀਆਂ ਲਈ ਕਦਮ-ਬਾ-ਕਦਮ ਗਾਈਡ

BC TRANSPLANT
An agency of the Provincial Health Services Authority


Suite 350, West Tower
555 West 12th Ave.
Vancouver, BC
V5Z 3X7

ਫ਼ੋਨ: 604-877-2240
ਟੋਲ ਫ਼੍ਰੀ: 1-800-663-6189
ਫ਼ੈਕਸ: 604-877-2111
ਵੈੱਬ: transplant.bc.ca

facebook.com/BCTransplant
@bc_transplant


BC Renal-Transplant partnership


ਇਹ ਬ੍ਰੋਸ਼ਰ ਬੀ.ਸੀ. ਰੀਨਲ ਏਜੰਸੀ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ।

*www.bcrenalagency.ca*


BC Children's Hospital — An agency of the Provincial Health Services Authority
Vancouver Coastal Health — Promoting wellness. Ensuring care.
Providence Health Care